# ਪ੍ਰੈਸ ਨੋਟ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਸ੍ਰੀ ਸਰਤਾਜ ਸਿੰਘ ਚਾਹਲ, IPS ਜੀ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਸ੍ਰੀ ਮੁਖਤਿਆਰ ਰਾਏ ਪੀ.ਪੀ.ਐਸ, ਪੁਲਿਸ ਕਪਤਾਨ/ਤਫਤੀਸ਼ ਹੁਸ਼ਿਆਰਪੁਰ, ਸ੍ਰੀ ਸਰਬਜੀਤ ਰਾਏ ਪੀ.ਪੀ.ਐਸ, ਉਪ-ਕਪਤਾਨ ਪੁਲਿਸ ਤਫਤੀਸ਼/ਹੁਸ਼ਿਆਰਪੁਰ ਅਤੇ ਸ੍ਰੀ ਪ੍ਰੇਮ ਸਿੰਘ ਪੀ.ਪੀ.ਐਸ, ਉਪ-ਕਪਤਾਨ ਪੁਲਿਸ ਸਿਟੀ/ਹੁਸ਼ਿਆਰਪੁਰ ਜੀ ਦੀ ਯੋਗ ਅਗਵਾਈ ਹੇਠ ਥਾਣਾ ਸਦਰ ਹੁਸ਼ਿਆਰਪੁਰ ਦੇ ਮੁੱਖ ਅਫਸਰ ਐਸ.ਆਈ ਸੁਰਜੀਤ ਸਿੰਘ ਪੱਡਾ ਅਤੇ ਏ.ਐਸ.ਆਈ. ਸੇਵਾ ਦਾਸ ਥਾਣਾ ਸਦਰ ਹੁਸ਼ਿਆਰਪੁਰ ਦੀ ਟੀਮ ਮਿਤੀ 02-05-2022 ਨੂੰ ਸ਼ੱਕੀ ਪੁਰਸ਼ਾ ਦੀ ਚੈਕਿੰਗ ਦੇ ਸਬੰਧ ਵਿਚ ਬਜਵਾੜਾ ਵਿਖੇ ਮੌਜੂਦ ਸੀ ਤਾਂ ਬੰਦਨਾ ਰਾਣੀ ਪੁੱਤਰੀ ਹਰਦੇਵ ਸਿੰਘ ਵਾਸੀ ਮਹਿਲਾਂਵਾਲੀ ਥਾਣਾ ਸਦਰ ਹੁਸਿ: ਨੇ ਇਤਲਾਹ ਦਿਤੀ ਕਿ ਉਹ ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਖੇ ਐਮ.ਏ ਦੀ ਵਿਦਿਆਰਥਣ ਹੈ ਅਤੇ ਅੱਜ ਉਹ ਕਾਲਜ ਤੋਂ ਪੜਾਈ ਕਰਕੇ ਆਟੋ ਰਿਕਸ਼ਾ ਪਰ ਅੱਡਾ ਸਹਾਨਖੇਲਾਂ ਵਿਖੇ ਉੱਤਰ ਕੇ ਵਾਪਸ ਆਪਣੇ ਪਿੰਡ ਮਹਿਲਾਂਵਾਲੀ ਨੂੰ ਪੈਦਲ ਜਾ ਰਹੀ ਸੀ ਤਾਂ ਬਸੀ ਹਸਤ ਖਾਂ ਮੋੜ ਪਰ ਦੋ ਨੌਜਵਾਨਾਂ ਨੇ ਉਸਨੂੰ ਰੋਕ ਕੇ ਡਰਾ ਧਮਕਾ ਕੇ ਉਸਦੀ ਜੇਬ ਵਿਚੋਂ ਉਸਦਾ ਮੋਬਾਇਲ ਮਾਰਕਾ ਐਪਲ ਖੋਹ ਕੇ ਫਰਾਰ ਹੋ ਗਏ। ਜਿਸ ਤੇ ਮੁਕੱਦਮਾ ਨੰਬਰ 60 ਮਿਤੀ 03-05-2022 ਅ/ਧ 379ਬੀ-ਭ:ਦ: ਥਾਣਾ ਸਦਰ ਹੁਸ਼ਿਆਰਪੁਰ ਦਰਜ ਰਜਿਸਟਰ ਕਰਕੇ ਏ.ਐਸ.ਆਈ ਸੇਵਾ ਦਾਸ 864 ਵਲੋਂ ਸਮੇਤ ਸਾਥੀ ਕਰਮਚਾਰੀਆਂ ਮੌਕਾ ਪਰ ਪੁੱਜ ਕੇ ਤਫਤੀਸ਼ ਅਮਲ ਵਿਚ ਲਿਆਂਦੀ ਗਈ ਅਤੇ ਦੌਰਾਨੇ ਤਫਤੀਸ਼ ਮੋਬਾਇਲ ਖੋਹਣ ਵਾਲੇ ਦੋਨੋਂ ਦੋਸ਼ੀਆਂ ਬਲਵਿੰਦਰ ਸਿੰਘ ਉਰਫ ਗੋਲਾ ਪੁੱਤਰ ਰੇਸ਼ਮ ਸਿੰਘ ਵਾਸੀ ਬਸੀ ਹਸਤ ਖਾਂ ਥਾਣਾ ਸਦਰ ਹੁਸਿ: ਅਤੇ ਦਲਵਿੰਦਰ ਸਿੰਘ ਉਰਫ ਮੰਗੂ ਪੁੱਤਰ ਕੇਵਲ ਸਿੰਘ ਵਾਸੀ ਬਸੀ ਹਸਤ ਖਾਂ ਥਾਣਾ ਸਦਰ ਨੂੰ ਗ੍ਰਿਫਤਾਰ ਕਰਕੇ ਖੋਹ ਕੀਤਾ ਮੋਬਾਇਲ ਬ੍ਰਾਮਦ ਕੀਤਾ ਗਿਆ ਹੈ। ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿਛ ਕੀਤੀ ਜਾ ਰਹੀ ਹੈ।

